Punjabi | ਪੰਜਾਬੀ

# ਕੈਂਡੋਰ ਦੀ ਡਿਊਟੀ (ਸਾਫ਼-ਬਿਆਨੀ ਦੀ ਨੈਤਿਕ ਜ਼ਿੰਮੇਵਾਰੀ)

## ਜੇਕਰ ਤੁਸੀਂ ਕਿਸੇ ਸਿਹਤ ਸੇਵਾ ਤੋਂ ਅਹਿਮ ਨੁਕਸਾਨ ਦਾ ਅਨੁਭਵ ਕਰਦੇ ਹੋ



ਜਦੋਂ ਇੱਕ ਮਰੀਜ਼ ਨੂੰ ਅਹਿਮ ਨੁਕਸਾਨ ਪਹੁੰਚਦਾ ਹੈ ਜਿਸਨੂੰ ਮਰੀਜ਼ ਦੀ ਸੁਰੱਖਿਆ ਪ੍ਰਤੀ ਗੰਭੀਰ ਉਲਟ-ਪ੍ਰਭਾਵ ਘਟਨਾ (SAPSE) ਵਜੋਂ ਜਾਣਿਆ ਜਾਂਦਾ ਹੈ ਤਾਂ ਮਰੀਜ਼ਾਂ ਅਤੇ ਉਹਨਾਂ ਦੇ ਪਰਿਵਾਰਾਂ ਜਾਂ ਦੇਖਭਾਲ ਕਰਨ ਵਾਲਿਆਂ ਨੂੰ ਇੱਕ ਸੰਪੂਰਨ ਸਪੱਸ਼ਟੀਕਰਨ ਦਿੱਤੇ ਜਾਣ ਅਤੇ ਮੁਆਫ਼ੀ ਮੰਗੇ ਜਾਣ ਦਾ ਅਧਿਕਾਰ ਹੈ। ਇਸ ਖੁੱਲ੍ਹੀ ਅਤੇ ਇਮਾਨਦਾਰ ਪ੍ਰਕਿਰਿਆ ਨੂੰ ਕੈਂਡੋਰ ਦੀ ਡਿਊਟੀ (ਸਾਫ਼-ਬਿਆਨੀ ਦੀ ਨੈਤਿਕ ਜ਼ਿੰਮੇਵਾਰੀ) ਕਿਹਾ ਜਾਂਦਾ ਹੈ।

### ਅਹਿਮ ਨੁਕਸਾਨ ਕੀ ਹੁੰਦਾ ਹੈ?

**ਅਹਿਮ ਨੁਕਸਾਨ ਮਰੀਜ਼ ਦੀ ਸੁਰੱਖਿਆ ਪ੍ਰਤੀ ਇੱਕ ਗੰਭੀਰ ਉਲਟ-ਪ੍ਰਭਾਵ ਘਟਨਾ (SAPSE) ਹੈ ਅਤੇ ਇਹ ਇੱਕ ਅਜਿਹੀ ਘਟਨਾ ਹੈ ਜੋ:**

- ਉਦੋਂ ਵਾਪਰੀ ਹੈ ਜਦੋਂ ਮਰੀਜ਼ ਸਿਹਤ ਸੇਵਾ ਤੋਂ ਦੇਖਭਾਲ ਪ੍ਰਾਪਤ ਕਰ ਰਿਹਾ ਸੀ, ਅਤੇ
- ਨਤੀਜੇ ਵਜੋਂ ਅਣਇੱਛਤ ਜਾਂ ਅਚਾਨਕ
  - ਦਰਮਿਆਨਾ ਜਾਂ ਗੰਭੀਰ ਸਰੀਰਕ ਨੁਕਸਾਨ
  - ਲੰਬੇ ਸਮੇਂ ਤੱਕ ਰਹਿਣ ਵਾਲੇ ਮਨੋਵਿਗਿਆਨਕ ਨੁਕਸਾਨ
  - ਮੌਤ।

ਇੱਕ ਰਜਿਸਟਰਡ ਹੈਲਥ ਪ੍ਰੈਕਟੀਸ਼ਨਰ ਇਹ ਤੈਅ ਕਰਨ ਲਈ ਘਟਨਾ ਦੀ ਸਮੀਖਿਆ ਕਰੇਗਾ ਕਿ ਕੀ ਅਹਿਮ ਨੁਕਸਾਨ ਹੋਇਆ ਹੈ।

### ਜਦੋਂ ਅਹਿਮ ਨੁਕਸਾਨ ਹੁੰਦਾ ਹੈ ਤਾਂ ਕੈਂਡੋਰ ਦੀ ਡਿਊਟੀ ਦਾ ਕੀ ਅਰਥ ਹੁੰਦਾ ਹੈ?

**ਕੈਂਡੋਰ ਦੀ ਡਿਊਟੀ (ਸਾਫ਼-ਬਿਆਨੀ ਦੀ ਨੈਤਿਕ ਜ਼ਿੰਮੇਵਾਰੀ) ਇੱਕ ਅਜਿਹੀ ਪ੍ਰਕਿਰਿਆ ਹੈ ਜਿੱਥੇ ਸਿਹਤ ਸੇਵਾ ਮਰੀਜ਼ ਅਤੇ/ਜਾਂ ਉਹਨਾਂ ਦੇ ਪਰਿਵਾਰ ਜਾਂ ਦੇਖਭਾਲ ਕਰਨ ਵਾਲੇ ਨੂੰ ਇਹਨਾਂ ਦੀ ਪੇਸ਼ਕਸ਼ ਕਰੇਗੀ:**

1. ਮੁਆਫ਼ੀ ਮੰਗੇ ਜਾਣ ਦੀ
2. ਘਟਨਾ ਦੇ ਤੱਥ ਦੱਸਣ ਦੀ
3. ਇਸ ਘਟਨਾ ਪ੍ਰਤੀ ਸਿਹਤ ਸੇਵਾ ਦੀ ਜਵਾਬੀ ਕਾਰਵਾਈ
4. ਇਸਨੂੰ ਦੁਬਾਰਾ ਵਾਪਰਨ ਤੋਂ ਰੋਕਣ ਲਈ ਚੁੱਕੇ ਜਾ ਰਹੇ ਕਦਮਾਂ ਦੀ।

### ਜੇ ਤੁਸੀਂ ਸੋਚਦੇ ਹੋ ਕਿ ਤੁਹਾਨੂੰ ਅਹਿਮ ਨੁਕਸਾਨ ਹੋਇਆ ਹੈ ਪਰ ਸਿਹਤ ਸੇਵਾ ਨੇ ਕੈਂਡੋਰ ਦੀ ਡਿਊਟੀ ਸ਼ੁਰੂ ਨਹੀਂ ਕੀਤੀ ਹੈ, ਤਾਂ ਤੁਸੀਂ ਆਪਣੀ ਸਿਹਤ ਸੇਵਾ ਨਾਲ ਗੱਲ ਕਰ ਸਕਦੇ ਹੋ ਅਤੇ ਉਹਨਾਂ ਨੂੰ ਇਸ ਬਾਰੇ ਸਮੀਖਿਆ ਕਰਨ ਲਈ ਕਹਿ ਸਕਦੇ ਹੋ।

**ਵਧੇਰੇ ਜਾਣਕਾਰੀ ਲਈ, ਇੱਥੇ ਸੰਪਰਕ ਕਰੋ:**

____________________

____________________

____________________

____________________

### ਕੈਂਡੋਰ ਦੀ ਡਿਊਟੀ ਦੀਆਂ ਕਾਨੂੰਨੀ ਲੋੜਾਂ ਬਾਰੇ ਹੋਰ ਜਾਣਨ ਲਈ

**ਇੱਥੇ ਜਾਓ:**

www.safercare.vic.gov.au/duty-of-candour-resources-for-patients-families-and-their-carers

Safer Care Victoria